ਸ਼ਰਤਾ:-

1. ਵਿੱਦਿਅਕ ਯੋਗਤਾ ਘੱਟੋ ਘੱਟ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ/ਸੰਸਥਾ ਤੋਂ ਗਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ ਹੋਵੇ। 12ਵੀਂ ਦੀ ਪ੍ਰੀਖਿਆ ਵਿੱਚੋਂ ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤ ਵੀ ਵੇਖੀ ਜਾਵੇਗੀ।

**ਦਸਵੀਂ ਦੀ ਪ੍ਰੀਖਿਆ ਵਿੱਚ ਪੰਜਾਬੀ ਦਾ ਵਿਸ਼ਾ ਪਾਸ ਹੋਣਾ ਲਾਜ਼ਮੀ ਹੈ।**

2. ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੰਪਿਊਟਰ ਤੇ ਪੰਜਾਬੀ ਅਤੇ ਅੰਗਰੇਜੀ ਦੀ ਟਾਇਪ ਸਪੀਡ 30 ਸ਼ਬਦ ਪ੍ਰਤੀ ਮਿੰਟ ਹੋਣੀ ਚਾਹੀਦੀ ਹੈ।

3. ਕਲਰਕਾਂ ਦੀਆਂ ਆਸਾਮੀਆਂ ਦੀ ਕੁੱਲ ਗਿਣਤੀ 20 ਹੈ, 5 ਆਸਾਮੀਆਂ ਰਿਟਾਇਰਡ ਕਰਮਚਾਰੀਆਂ ਵਿੱਚੋਂ ਭਰੀਆਂ ਜਾਣਗੀਆਂ ਅਤੇ ਬਾਕੀ 15 ਆਸਾਮੀਆਂ ਦੀ ਗਿਣਤੀ (ਜਨਰਲ-8, ਅਨੁਸੂਚਿਤ ਜਾਤੀ-4, ਬੀ.ਸੀ.-1, ਸਾਬਕਾ ਫੌਜੀ-2) ਹੈ। ਇਨ੍ਹਾਂ ਵਿੱਚੋਂ 10 ਕਲਰਕਾਂ ਦੀਆਂ ਆਸਾਮੀਆਂ ਮੁੱਖ ਚੋਣ ਦਫਤਰ, ਪੰਜਾਬ, ਐਸ.ਸੀ.ਓ.ਨੰ. 29-30, ਸੈਕਟਰ-17 ਈ, ਚੰਡੀਗੜ੍ਹ ਲਈ ਮਿਤੀ 28.02.2017 ਤੱਕ ਨਿਰੋਲ ਕੱਚੀਆਂ ਡੀ.ਸੀ. ਰੇਟ ਚੰਡੀਗੜ੍ਹ ਠੇਕੇ ਦੇ ਅਧਾਰ ਤੇ ਹਨ।

ਇਨ੍ਹਾਂ ਵਿੱਚੋਂ 5 ਕੱਚੀਆਂ ਆਸਾਮੀਆਂ ਚੋਣ ਭੰਡਾਰ, ਪਟਿਆਲਾ ਲਈ ਮਿਤੀ 01.11.2016 ਤੋਂ 28.02.2017 ਤੱਕ ਕੱਚੀਆਂ ਠੇਕੇ ਦੇ ਅਧਾਰ ਤੇ ਹਨ। ਇਨ੍ਹਾਂ ਨੂੰ ਕਿਰਤ ਵਿਭਾਗ, ਪੰਜਾਬ ਵੱਲੋਂ ਨੋਟੀਫਾਈਡ ਕੀਤੇ ਮੀਨੀਮਮ ਵੇਜਿਜ ਰੇਟ ਅਨੁਸਾਰ ਤਨਖਾਹ ਦਿੱਤੀ ਜਾਵੇਗੀ।

4. ਉਕਤ ਆਸਾਮੀਆਂ ਇਸ ਵਿਭਾਗ ਦੀ ਵੈਬਸਾਈਟ ceopunjab.nic.in ਤੇ ਮਿਤੀ 29.08.2016 ਸਵੇਰੇ 10.00 ਵਜੇਂ ਤੋਂ ਮਿਤੀ 13.09.2016 ਰਾਤ 12.00 ਵਜੇ ਤੱਕ ਪ੍ਰਾਪਤ ਹੋਈਆਂ ਦਰਖਾਸਤਾਂ ਨੂੰ ਹੀ ਵਿਚਾਰਿਆ ਜਾਵੇਗਾ। ਇਨ੍ਹਾਂ ਆਸਾਮੀਆਂ ਲਈ ਉਕਤ ਦੱਸੀ ਗਈ ਵੈਬਸਾਈਟ ਤੇ ਸਿਰਫ ਆਨਲਾਈਨ ਆਪਣੇ ਵਿੱਦਿਅਕ ਯੋਗਤਾ ਅਤੇ ਹੋਰ ਸਬੰਧੀ ਵੇਰਵੇ ਦਰਜ ਕਰਕੇ ਪਾਸਪੋਰਟ ਸਾਈਜ ਫੋਟੋ ਗ੍ਰਾਫ ਸਕੈਨ ਕਰਕੇ ਹੀ ਅਪਲਾਈ ਕੀਤਾ ਜਾਵੇ। ਡਾਕ/ ਦਸਤੀ ਭੇਜੀਆਂ ਗਈਆਂ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

5. ਉਮੀਦਵਾਰਾਂ ਵੱਲੋਂ ਆਪਣੇ ਪ੍ਰੋਫਾਰਮਿਆਂ ਵਿੱਚ ਭਰੀ ਸੂਚਨਾ ਦੇ ਅਧਾਰ ਤੇ ਹੀ ਮੈਰਿਟ ਤਿਆਰ ਕੀਤੀ ਜਾਵੇਗੀ। ਕਿਸੇ ਵੀ ਤਰ੍ਹਾਂ ਨਾਲ ਗਲਤ ਸੂਚਨਾ ਭਰਨ ਤੇ ਉਮੀਦਵਾਰਾਂ ਦੀ ਪਾਤਰਤਾ ਰੱਦ ਕੀਤੀ ਜਾਵੇਗੀ ਤੇ ਬਣਦੀ ਕਾਰਵਾਈ ਵੀ ਵੱਖਰੇ ਤੌਰ ਤੇ ਕੀਤੀ ਜਾਵੇਗੀ।

6. ਉਕਤ ਤਿਆਰ ਕੀਤੀ ਗਈ ਮੈਰਿਟ ਦੇ ਅਧਾਰ ਤੇ ਉਪਰਲੇ 10 ਗੁਣਾਂ ਉਮੀਦਵਾਰ (ਭਾਵ 15 ਆਸਾਮੀਆਂ ਵਿਰੁੱਧ 150 ਉਮੀਦਵਾਰਾਂ) ਨੂੰ ਹੀ ਟਾਈਪ ਟੈਸਟ ਲਈ ਬੁਲਾਇਆ ਜਾਵੇਗਾ ਜੋ ਕਿ ਕੁਆਲੀਫਾਈ ਹੋਵੇਗੀ।

7. ਟਾਈਪ ਟੈਸਟ ਵਿੱਚ ਪਾਸ ਹੋਏ ਉਮੀਦਵਾਰਾਂ ਵਿੱਚ 5 ਗੁਣਾ ਅਰਥਾਤ 75 ਉਮੀਦਵਾਰਾਂ ਨੂੰ ਹੀ ਇੰਟਰਵਿਊ ਲਈ ਬੁਲਾਇਆ ਜਾਵੇਗਾ ਜੋ ਕਿ ਕੇਵਲ 15 ਨੰਬਰ ਦੀ ਹੋਵੇਗੀ। ਇਸ ਸਮੇਂ ਹੀ ਉਮੀਦਵਾਰਾਂ ਦੇ ਅਸਲ ਸਰਟੀਫਿਕੇਟਾਂ ਦੀ ਜਾਂਚ ਹੋਵੇਗੀ। ਗਲਤ ਸਰਟੀਫਿਕੇਟ ਪਾਏ ਜਾਣ ਤੇ ਪਾਤਰਤਾ ਰੱਦ ਹੋਵੇਗੀ ਤੇ ਉਮੀਦਵਾਰਾਂ ਦਾ ਕੋਈ ਕਲੇਮ ਸਵੀਕਾਰ ਨਹੀਂ ਕੀਤਾ ਜਾਵੇਗਾ।

8. ਉਮੀਦਵਾਰਾਂ ਦੀ ਆਪਣੀ ਵਿੱਦਿਅਕ ਯੋਗਤਾ ਅਤੇ ਤਜਰਬੇ ਦੇ 85 ਨੰਬਰ ਹੋਣਗੇ। ਕੁੱਲ 100 ਨੰਬਰਾਂ ਦੀ ਮੈਰਿਟ ਵਿੱਚ ਆਉਂਦੇ ਉਪਰਲੇ ਉਮੀਦਵਾਰਾਂ ਨੂੰ ਹੀ ਲੋੜ ਅਨੁਸਾਰ ਨਿਯੁਕਤ ਕੀਤਾ ਜਾਵੇਗਾ।

9. ਉਕਤ ਆਸਾਮੀ ਲਈ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01.01.2016 ਨੂੰ ਜਨਰਲ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਪੰਜਾਬ ਰਾਜ ਦੇ ਅਨੁਸੂਚਿਤ ਜਾਤੀ/ਪੱਛੜੀ ਜਾਤੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ 42 ਸਾਲ ਹੋਵੇਗੀ।ਇਸ ਤਰ੍ਹਾਂ ਹੀ ਅੰਗਹੀਣ ਉਮੀਦਵਾਰਾਂ ਲਈ ਉਪਰਲੀ ਉਮਰ ਸੀਮਾ ਵਿੱਚ ਵੀ 47 ਸਾਲ ਤੱਕ ਦੀ ਛੂਟ ਦਿੱਤੀ ਜਾਵੇਗੀ।

10. ਉਕਤ ਆਸਾਮੀ ਲਈ ਇੰਟਰਵਿਊ ਸਮੇਂ ਉਮੀਦਵਾਰ ਆਪਣੇ ਸਾਰੇ ਅਸਲ ਵਿੱਦਿਅਕ/ ਤਕਨੀਕੀ ਯੋਗਤਾ/ਸ਼੍ਰੇਣੀ ਆਦਿ ਨਾਲ ਸਬੰਧਤ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕ ਸ਼ੁਦਾ ਕਾਪੀਆਂ ਲਿਆਉਣਗੇ।

11. ਉਮੀਦਵਾਰ ਨੂੰ ਇੰਟਰਵਿਊ ਤੇ ਆਉਣ ਲਈ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।

12. ਉਮੀਦਵਾਰਾਂ ਨੂੰ ਇੰਟਰਵਿਊ ਤੇ ਆਉਣ ਦੀ ਸੂਚਨਾ ਉਸਦੀ ਈ-ਮੇਲ ਆਈ.ਡੀ./ ਐਸ.ਐਮ.ਐਸ. ਰਾਹੀਂ ਦਿੱਤੀ ਜਾਵੇਗੀ। ਉਮੀਦਵਾਰ ਸਮੇਂ-ਸਮੇਂ ਤੇ ਆਪਣੀ ਈ-ਮੇਲ ਆਈ.ਡੀ. ਅਤੇ ਇਸ ਵਿਭਾਗ ਦੀ ਵੈਬਸਾਈਟ ਚੈਕ ਕਰਦੇ ਰਹਿਣ। ਉਮੀਦਵਾਰਾਂ ਦੀ ਲਿਸਟ ਵਿਭਾਗ ਦੀ ਵੈਬਸਾਈਟ ਤੇ ਦਰਸਾਈ ਜਾਵੇਗੀ।

13. ਉਮੀਦਵਾਰਾਂ ਨੂੰ ਉਕਤ ਆਸਾਮੀਆਂ ਦਾ ਪ੍ਰੋਫਾਰਮਾ ਆਨ ਲਾਈਨ ਭਰਨ ਸਬੰਧੀ ਜੇਕਰ ਕੋਈ ਸਮੱਸਿਆ/ ਪ੍ਰੇਸ਼ਾਨੀ ਆਉਂਦੀ ਹੈ ਤਾਂ ਇਸ ਵਿਭਾਗ ਦੇ ਹੈਲਪ ਲਾਈਨ ਨੰ.0172-2722590, 0172-2724037 (ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ) ਜਾਂ ਈ.ਮੇਲ ਆਈ.ਡੀ. dyceo.ceopb@gmail.com ਤੇ ਸੰਪਰਕ ਕੀਤਾ ਜਾਵੇ।

14. ਉਕਤ ਦਰਸਾਈਆਂ ਆਸਾਮੀਆਂ ਦੀ ਗਿਣਤੀ ਘਟਾਈ/ ਵਧਾਈ ਜਾ ਸਕਦੀ ਹੈ।

ਨੋਟ: ਕੇਵਲ ਪੰਜਾਬ ਸਰਕਾਰ ਦੇ ਰਿਟਾਇਰਡ ਸਹਾਇਕ/ ਸੁਪਰਡੰਟਾਂ ਲਈ

ਪੰਜਾਬ ਸਰਕਾਰ ਦੇ ਰਿਟਾਇਰਡ ਸਹਾਇਕ/ ਸੁਪਰਡੰਟ ਜਿਨ੍ਹਾਂ ਦੀ ਉਮਰ 65 ਸਾਲ ਤੋਂ ਵੱਧ ਨਾ ਹੋਵੇ, ਉਹ ਵੀ ਉਕਤ ਆਸਾਮੀ ਲਈ ਆਨਲਾਈਨ ਅਪਲਾਈ ਕਰ ਸਕਦੇ ਹਨ।ਇਨ੍ਹਾਂ ਨੂੰ ਇਨ੍ਹਾਂ ਦੇ ਪ੍ਰਾਪਤ ਤਜਰਬੇ ਦੇ ਅਧਾਰ ਤੇ ਹੀ ਠੇਕੇ ਤੇ ਉਕਤ ਪੈਰਾ-3 ਵਿੱਚ ਦਰਸਾਏ ਡੀ.ਸੀ.ਰੇਟਾਂ ਦੇ ਅਧਾਰ ਤੇ ਉਕਾ-ਪੱਕਾ ਰੱਖਿਆ ਜਾਵੇਗਾ। ਕੋਈ ਵੀ ਟੈਸਟ ਨਹੀਂ ਲਿਆ ਜਾਵੇਗਾ।ਜੇਕਰ ਇਹ ਰਿਟਾਇਰਡ ਕਰਮਚਾਰੀ ਉਪਲੱਬਧ ਨਹੀਂ ਹੁੰਦੇ ਤਾਂ ਇਨ੍ਹਾਂ ਖਾਲੀ ਆਸਾਮੀਆਂ ਨੂੰ ਵੀ ਉਕਤ ਟੈਸਟ ਵਿੱਚੋਂ ਹੀ ਭਰਿਆ ਜਾਵੇਗਾ।